# ਤੁਹਾਡੇ ਬੱਚੇ ਦਾ ਟਰੱਸਟ ਫੰਡ

## ਆਮ ਪੁੱਛੇ ਜਾਂਦੇ ਸਵਾਲ

Public Guardian
and Trustee of
British Columbia

# ਤੁਹਾਡੇ ਬੱਚੇ ਦਾ ਟਰੱਸਟ ਫੰਡ
## ਆਮ ਪੁੱਛੇ ਜਾਂਦੇ ਸਵਾਲ

ਵਿਸ਼ਾ-ਵਸਤੂ


ਏ. ਜਾਣ-ਪਛਾਣ 3

ਬੀ. ਕਿਸੇ ਟਰੱਸਟ ਤੋਂ ਫੰਡਾਂ ਦੀ ਬੇਨਤੀ ਕਰਨਾ 3

ਸੀ. ਫੰਡਾਂ ਨੂੰ ਇਨਵੈਸਟ ਕਰਨਾ 4

ਡੀ. ਟੈਕਸ ਦੀ ਜਾਣਕਾਰੀ 5

ਈ. ਟਰੱਸਟ ਦੀ ਅੰਤਿਮ ਵੰਡ ਲਈ ਪਲੈਨਿੰਗ 5

ਐੱਫ. ਪੀ ਜੀ ਟੀ ਦੀਆਂ ਫੀਸਾਂ 6

ਜੀ. ਫੈਸਲਿਆਂ ਅਤੇ ਸ਼ਿਕਾਇਤਾਂ ਦਾ ਰਿਵੀਊ 7

ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ ਪਿਛਲਾ ਕਵਰ

# ਏ. ਜਾਣ-ਪਛਾਣ

ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਵਿਖੇ ਤੁਹਾਡਾ ਸੁਆਗਤ ਹੈ। ਇਹ ਗਾਈਡ ਉਨ੍ਹਾਂ ਮੁੱਖ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਕੀਤੀ ਗਈ ਹੈ ਜਿਹੜੇ ਸਾਡੇ ਤੋਂ ਨੇਮ ਨਾਲ ਮਾਪਿਆਂ, ਗਾਰਡੀਅਨਾਂ ਅਤੇ ਜਵਾਨਾਂ ਵਲੋਂ ਪੁੱਛੇ ਜਾਂਦੇ ਹਨ।

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਚਾਇਲਡ ਐਂਡ ਯੂਥ ਸਰਵਿਸਿਜ਼ ਨਾਲ 604.775.3480 'ਤੇ ਜਾਂ cys@trustee.bc.ca 'ਤੇ ਸੰਪਰਕ ਕਰੋ ਜਾਂ www.trustee.bc.ca 'ਤੇ ਸਾਡਾ ਵੈੱਬਸਾਈਟ ਦੇਖੋ।

## ਪੀ ਜੀ ਟੀ ਬੱਚਿਆਂ ਦੇ ਫੰਡਾਂ ਦੇ ਟਰੱਸਟੀ ਦੇ ਤੌਰ 'ਤੇ ਕੰਮ ਕਿਉਂ ਕਰਦਾ ਹੈ?

ਬ੍ਰਿਟਿਸ਼ ਕੋਲੰਬੀਆ ਵਿਚ ਕਈ ਕਾਨੂੰਨ ਹਨ ਜਿਹੜੇ ਬੱਚਿਆਂ ਅਤੇ ਜਵਾਨਾਂ ਦੇ ਮਾਇਕ ਅਤੇ ਕਾਨੂੰਨੀ ਹਿੱਤਾਂ ਦੀ ਰਖਵਾਲੀ ਕਰਦੇ ਹਨ। ਇਨ੍ਹਾਂ ਕਾਨੂੰਨਾਂ ਹੇਠ, ਪੀ ਜੀ ਟੀ ਨੂੰ ਬੱਚਿਆਂ ਅਤੇ ਜਵਾਨਾਂ ਨੂੰ ਦੇਣਯੋਗ ਖਾਸ ਫੰਡਾਂ ਲਈ ਟਰੱਸਟੀ ਬਣਨ ਦੀ ਲੋੜ ਪੈਂਦੀ ਹੈ।

*ਫੈਮਿਲੀ ਲਾਅ ਐਕਟ* ਦੀਆਂ ਸ਼ਰਤਾਂ ਇਹ ਕਹਿੰਦੀਆਂ ਹਨ ਕਿ ਬੱਚਿਆਂ ਜਾਂ ਜਵਾਨਾਂ ਨੂੰ ਦੇਣਯੋਗ ਕੁਝ ਫੰਡ, ਜਿਹੜੇ ਡਾਲਰਾਂ ਦੀ ਇਕ ਖਾਸ ਰਕਮ ਤੋਂ ਘੱਟ ਹਨ, ਟਰੱਸਟੀ ਵਜੋਂ ਸਾਂਭਣ ਲਈ ਮਾਪਿਆਂ ਅਤੇ ਗਾਰਡੀਅਨਾਂ ਨੂੰ ਸਿੱਧੇ ਦਿੱਤੇ ਜਾ ਸਕਦੇ ਹਨ। ਉਨ੍ਹਾਂ ਹਾਲਤਾਂ ਵਿਚ, ਮਾਪੇ ਜਾਂ ਗਾਰਡੀਅਨ ਨੂੰ ਟਰੱਸਟੀ ਵਜੋਂ ਕੰਮ ਕਰਨ ਲਈ ਅਦਾਲਤ ਜਾਣ ਅਤੇ ਆਰਡਰ ਲੈਣ ਦੀ ਲੋੜ ਨਹੀਂ ਹੈ।

ਪਰ, ਜਦੋਂ ਪੈਸੇ ਪੀ ਜੀ ਟੀ ਨੂੰ ਦਿੱਤੇ ਜਾਂਦੇ ਹਨ ਤਾਂ ਪੀ ਜੀ ਟੀ ਬੱਚੇ ਜਾਂ ਜਵਾਨ ਲਈ ਟਰੱਸਟ ਅਕਾਊਂਟ ਬਣਾਏਗਾ।

ਜੇ ਤੁਹਾਡੇ ਮਨ ਵਿਚ ਇਸ ਚੀਜ਼ ਬਾਰੇ ਸਵਾਲ ਹੋਣ ਕਿ ਫੰਡਾਂ ਨੂੰ ਕਿਵੇਂ ਸਾਂਭਿਆ ਜਾ ਰਿਹਾ ਹੈ ਜਾਂ ਜੇ ਤੁਸੀਂ ਨੇਮ ਨਾਲ ਵਿੱਤੀ (ਫਾਇਨੈਂਸ਼ਲ) ਸਟੇਟਮੈਂਟ ਪ੍ਰਾਪਤ ਕਰਨਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਚਾਇਲਡ ਐਂਡ ਯੂਥ ਸਰਵਿਸਿਜ਼ ਨਾਲ 604.775.3480 'ਤੇ ਜਾਂ cys@trustee.bc.ca 'ਤੇ ਸੰਪਰਕ ਕਰੋ।

# ਬੀ. ਕਿਸੇ ਟਰੱਸਟ ਤੋਂ ਫੰਡਾਂ ਦੀ ਬੇਨਤੀ ਕਰਨਾ

ਪੀ ਜੀ ਟੀ ਨੂੰ ਸੇਧ *ਫੈਮਿਲੀ ਲਾਅ ਐਕਟ* ਦਿੰਦਾ ਹੈ ਜਿਹੜਾ ਕਹਿੰਦਾ ਹੈ ਕਿ ਹਰ ਮਾਪੇ ਅਤੇ ਗਾਰਡੀਅਨ ਦੀ ਆਪਣੇ ਬੱਚੇ ਦੀ ਮਦਦ ਕਰਨ ਦੀ ਜ਼ਿੰਮੇਵਾਰੀ ਹੈ।

ਤੁਹਾਡੇ ਬੱਚੇ ਨੂੰ ਸੇਵਾਵਾਂ ਦੇਣ ਲਈ, ਗਾਰਡੀਅਨਸ਼ਿਪ ਐਂਡ ਟਰੱਸਟ ਔਫੀਸਰ (ਜੀ ਟੀ ਓ) ਤੁਹਾਡੇ ਬੱਚੇ ਬਾਰੇ ਕਈ ਤਰ੍ਹਾਂ ਦੇ ਸਵਾਲ ਪੁੱਛ ਸਕਦਾ ਹੈ ਜਿਵੇਂ ਕਿ ਤੁਹਾਡੇ ਬੱਚੇ ਦੀ ਮਾਇਕ ਮਦਦ ਕੌਣ ਕਰ ਰਿਹਾ ਹੈ, ਲੀਗਲ ਗਾਰਡੀਅਨ ਕੌਣ ਹਨ, ਅਤੇ ਤੁਹਾਡਾ ਬੱਚਾ ਕਿਸ ਨਾਲ ਰਹਿੰਦਾ ਹੈ।

## ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਪੀ ਜੀ ਟੀ ਨੂੰ ਮੇਰੇ ਬੱਚੇ ਲਈ ਪੈਸੇ ਮਿਲੇ ਹਨ?

ਕਿਸੇ ਬੱਚੇ ਜਾਂ ਜਵਾਨ ਲਈ ਟਰੱਸਟ ਫੰਡ ਮਿਲਣ 'ਤੇ, ਜੀ ਟੀ ਓ ਬੱਚੇ ਜਾਂ ਜਵਾਨ ਦੇ ਮਾਪੇ ਜਾਂ ਗਾਰਡੀਅਨ ਨੂੰ ਇਕ ਚਿੱਠੀ ਭੇਜਦਾ ਹੈ ਜਿਸ ਵਿਚ ਰਕਮ ਬਾਰੇ ਦੱਸਿਆ ਗਿਆ ਹੁੰਦਾ ਹੈ ਅਤੇ ਪਛਾਣ ਕੀਤੀ ਗਈ ਹੁੰਦੀ ਹੈ ਕਿ ਬੱਚੇ ਜਾਂ ਜਵਾਨ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਮਦਦ ਲਈ ਪੈਸੇ ਕਿਵੇਂ ਵਰਤੇ ਜਾ ਸਕਦੇ ਹਨ।

## ਕੀ ਪੀ ਜੀ ਟੀ ਮੇਰੇ ਬੱਚੇ ਦੇ ਟਰੱਸਟ ਫੰਡ ਵਿੱਚੋਂ ਪੈਸੇ ਜਾਰੀ ਕਰੇਗਾ?

ਪੀ ਜੀ ਟੀ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਜਾਰੀ ਕੀਤੇ ਗਏ ਕੋਈ ਵੀ ਪੈਸੇ ਉਸ ਮੰਤਵ (ਮੰਤਵਾਂ) ਲਈ ਵਰਤੇ ਗਏ ਹਨ ਜਿਨ੍ਹਾਂ ਲਈ ਵਰਤਣਾ ਇਸ ਦਾ ਮਕਸਦ ਸੀ ਅਤੇ ਇਹ ਸਿਰਫ ਬੱਚੇ ਜਾਂ ਜਵਾਨ ਦੇ ਫਾਇਦੇ ਲਈ ਹੀ ਵਰਤੇ ਗਏ ਹਨ।

ਬੱਚੇ ਜਾਂ ਜਵਾਨ ਦੇ 19 ਸਾਲ ਦੇ ਹੋਣ ਤੋਂ ਪਹਿਲਾਂ ਸਾਰੇ ਪੈਸੇ ਜਾਂ ਪੈਸਿਆਂ ਦਾ ਕੁਝ ਹਿੱਸਾ ਜਾਰੀ ਕਰਨਾ ਜੀ ਟੀ ਓ ਦੇ ਇਖਤਿਆਰ ਵਿਚ ਹੈ। ਜਦੋਂ ਪੈਸਿਆਂ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਜੀ ਟੀ ਓ ਬੱਚੇ ਜਾਂ ਜਵਾਨ ਤੋਂ ਸਿੱਧੀ ਜਾਣਕਾਰੀ ਵੀ ਮੰਗ ਸਕਦਾ ਹੈ, ਜਿੱਥੇ ਅਜਿਹਾ ਕਰਨਾ ਢੁਕਵਾਂ ਹੁੰਦਾ ਹੈ।

ਬੱਚਿਆਂ ਅਤੇ ਜਵਾਨਾਂ ਦਾ ਇਹ ਗਿਆਨ ਅਤੇ ਸ਼ਮੂਲੀਅਤ ਕਿ ਉਨ੍ਹਾਂ ਦੇ ਟਰੱਸਟ ਕਿਵੇਂ ਸਾਂਭੇ ਜਾ ਰਹੇ ਹਨ, ਉਨ੍ਹਾਂ ਦੇ ਵਿੱਤੀ ਹੁਨਰ ਵਿਕਸਤ ਕਰਨ ਵਿਚ ਉਨ੍ਹਾਂ ਦੀ ਮਦਦ ਕਰਦਾ ਹੈ ਅਤੇ 19 ਸਾਲ ਦੇ ਹੋਣ 'ਤੇ ਆਪਣੇ ਫੰਡ ਵਰਤਣ ਲਈ ਲੰਮੇ ਸਮੇਂ ਦੇ ਟੀਚੇ ਤਹਿ ਕਰਦਾ ਹੈ। ਵਿੱਤੀ ਸਿੱਖਿਆ ਦੀ ਜਾਣਕਾਰੀ ਸਾਡੇ ਵੈੱਬਸਾਈਟ www.trustee.bc.ca 'ਤੇ ਦੇਖੀ ਜਾ ਸਕਦੀ ਹੈ।

ਕਿਸੇ ਬੱਚੇ ਜਾਂ ਜਵਾਨ ਨੂੰ ਟਰੱਸਟ ਫੰਡ ਜਾਰੀ ਕਰਨ ਦੀ ਕਿਸੇ ਵੀ ਬੇਨਤੀ 'ਤੇ ਜੀ ਟੀ ਓ ਬੜੇ ਧਿਆਨ ਨਾਲ ਵਿਚਾਰ ਕਰਦਾ ਹੈ। ਉਹ ਟਰੱਸਟ ਦੀ ਰਕਮ ਨੂੰ ਧਿਆਨ ਵਿਚ ਰੱਖਦੇ ਹਨ ਅਤੇ ਬੱਚੇ ਜਾਂ ਜਵਾਨ ਦੀਆਂ ਹੁਣ ਦੀ ਲੋੜਾਂ ਵਿਚਾਰਦੇ ਹਨ ਅਤੇ ਇਸ ਦੇ ਨਾਲ ਨਾਲ ਬਾਲਗ ਬਣਨ 'ਤੇ ਉਸ ਦੀਆਂ ਲੋੜਾਂ ਬਾਰੇ ਵੀ ਵਿਚਾਰ ਕਰਦੇ ਹਨ।

## ਆਪਣੇ ਬੱਚੇ ਦੀ ਮਾਇਕ ਮਦਦ ਕਰਨ ਲਈ ਮੈਨੂੰ ਮਦਦ ਦੀ ਲੋੜ ਹੈ, ਕੀ ਮੈਂ ਟਰੱਸਟ ਫੰਡ ਵਿੱਚੋਂ ਮਦਦ ਮੰਗ ਸਕਦਾ/ਸਕਦੀ ਹਾਂ?

ਬੱਚਿਆਂ ਅਤੇ ਜਵਾਨਾਂ ਤੋਂ ਆਮ ਤੌਰ 'ਤੇ ਆਪਣੇ ਰੋਜ਼ਮਰਾ ਦੇ ਖਰਚਿਆਂ ਲਈ ਪੈਸੇ ਦੇਣ ਦੀ ਉਮੀਦ ਨਹੀਂ ਰੱਖੀ ਜਾਂਦੀ; ਪਰ, ਪੀ ਜੀ ਟੀ ਨੂੰ ਬੱਚਿਆਂ ਜਾਂ ਜਵਾਨਾਂ ਦੀ ਤਰਫੋਂ ਅਜਿਹੇ ਫੰਡ ਮਿਲ ਸਕਦੇ ਹਨ ਜਿਹੜੇ ਉਨ੍ਹਾਂ ਦੀ ਸੰਭਾਲ ਅਤੇ ਮਦਦ ਦੇ ਖਰਚਿਆਂ ਵਿਚ ਮਦਦ ਲਈ ਵਰਤੇ ਜਾ ਸਕਦੇ ਹਨ – ਉਦਾਹਰਣ ਲਈ, ਕਿਸੇ ਮ੍ਰਿਤਕ ਮਾਪੇ ਜਾਂ ਗਾਰਡੀਅਨ ਦੀ ਇਸਟੇਟ ਤੋਂ ਮਿਲੇ ਫੰਡ।

ਸੰਭਾਲ ਲਈ ਫੰਡਾਂ ਦੀ ਬੇਨਤੀ ਹੋਣ 'ਤੇ, ਜੀ ਟੀ ਓ ਉਸ ਜਾਣਕਾਰੀ ਬਾਰੇ ਵਿਚਾਰ ਕਰੇਗਾ ਜਿਹੜੀ ਬੇਨਤੀ 'ਤੇ ਵਿਚਾਰ ਕਰਨ ਲਈ ਚਾਹੀਦੀ ਹੈ ਅਤੇ ਇਹ ਪੁੱਛੇਗਾ ਕਿ ਤੁਸੀਂ ਆਪਣੀ ਬੇਨਤੀ ਲਿਖਤੀ ਰੂਪ ਵਿਚ ਕਰੋ ਅਤੇ ਇਸ ਵਿਚ ਅੱਗੇ ਲਿਖੀ ਜਾਣਕਾਰੀ ਸ਼ਾਮਲ ਕਰੋ:

- ਬੱਚੇ ਜਾਂ ਜਵਾਨ ਦੀਆਂ ਕੀ ਲੋੜਾਂ ਹਨ ਅਤੇ ਮਾਪਾ ਜਾਂ ਗਾਰਡੀਅਨ ਮਾਇਕ ਤੌਰ 'ਤੇ ਉਹ ਲੋੜਾਂ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿਚ ਪੂਰਾ ਕਰਨ ਦੇ ਅਸਮਰੱਥ ਕਿਉਂ ਹੈ?
- ਫੰਡਾਂ ਦੇ ਕਿਹੜੇ ਹੋਰ ਸ੍ਰੋਤ ਉਪਲਬਧ ਹਨ? (ਜਿਵੇਂ ਕੈਨੇਡਾ ਪੈਨਸ਼ਨ ਪਲੈਨ ਚਿਲਡਰਨਜ਼ ਬੈਨੇਫਿਟਸ, ਚਾਇਲਡ ਡਿਸਏਬਿਲਟੀ ਬੈਨੇਫਿਟਸ)
- ਟਰੱਸਟ ਫੰਡਾਂ ਦੀ ਵਰਤੋਂ ਲਈ ਭਵਿੱਖ ਦੀਆਂ ਪਲੈਨਾਂ ਕੀ ਹਨ? (ਜਿਵੇਂ ਪੋਸਟ ਸੈਕੰਡਰੀ ਪੜ੍ਹਾਈ ਦੇ ਖਰਚੇ)

## ਮੇਰੇ ਬੱਚੇ ਲਈ ਵਿਸ਼ੇਸ਼ ਖਰਚਿਆਂ ਜਾਂ ਖਾਸ ਪ੍ਰੋਗਰਾਮਾਂ ਲਈ ਖਰਚ ਦੇਣ ਵਿਚ ਮਾਇਕ ਮਦਦ ਕਰਨ ਬਾਰੇ ਕੀ ਕਹਿਣਾ ਹੈ?

ਖਾਸ ਮੌਕਿਆਂ ਲਈ ਫੰਡ ਲੈਣ ਲਈ ਟਰੱਸਟ ਫੰਡਾਂ ਨੂੰ ਬੇਨਤੀ ਕੀਤੀ ਜਾ ਸਕਦੀ ਹੈ। ਅਜਿਹੇ ਖਾਸ ਮੌਕਿਆਂ ਵਿਚ ਮੈਡੀਕਲ ਜਾਂ ਪੜ੍ਹਾਈ ਲਈ ਚੀਜ਼ਾਂ, ਉਹ ਸੇਵਾਵਾਂ ਜਾਂ ਮੌਕੇ ਜਿਹੜੇ ਬੱਚੇ ਜਾਂ ਜਵਾਨ ਨੂੰ ਸਿੱਧਾ ਫਾਇਦਾ ਪ੍ਰਦਾਨ ਕਰਦੇ ਹਨ, ਜਿਹੜੇ ਟਰੱਸਟ ਫੰਡਾਂ ਦੀ ਮਦਦ ਤੋਂ ਬਿਨਾਂ ਪ੍ਰਦਾਨ ਨਹੀਂ ਕੀਤੇ ਜਾ ਸਕਦੇ ਸਨ, ਸ਼ਾਮਲ ਹੋ ਸਕਦੇ ਹਨ। ਫੰਡਾਂ ਦੀ ਮੰਗ ਕਰਨ 'ਤੇ, ਜੀ ਟੀ ਓ ਮਾਪੇ ਜਾਂ ਗਾਰਡੀਅਨ ਨਾਲ ਬੇਨਤੀ ਬਾਰੇ ਵਿਚਾਰ ਕਰੇਗਾ ਅਤੇ ਲਿਖਤੀ ਜਾਣਕਾਰੀ ਮੰਗੇਗਾ ਜਿਸ ਵਿਚ ਇਹ ਵੀ ਸ਼ਾਮਲ ਹੈ:

- ਕੀ ਖਾਸ ਮੌਕਾ ਹੈ ਅਤੇ ਇਸ ਦਾ ਬੱਚੇ ਜਾਂ ਜਵਾਨ ਨੂੰ ਕੀ ਫਾਇਦਾ ਹੈ?
- ਅੰਦਾਜ਼ਨ ਕਿੰਨਾ ਖਰਚਾ ਹੈ?
- ਕੀ ਬੇਨਤੀ ਲਈ ਫੰਡ ਕਿਸੇ ਹੋਰ ਸ੍ਰੋਤ ਤੋਂ ਮਿਲ ਸਕਦੇ ਹਨ?
- ਕੀ ਭਵਿੱਖ ਦੇ ਕੋਈ ਖਰਚੇ ਹਨ ਜਿਹੜੇ ਬੱਚੇ ਜਾਂ ਜਵਾਨ ਲਈ ਟਰੱਸਟ ਵਿੱਚੋਂ ਦੇਣ ਦੀ ਲੋੜ ਹੋ ਸਕਦੀ ਹੈ? (ਜਿਵੇਂ ਪੋਸਟ ਸੈਕੰਡਰੀ ਪੜ੍ਹਾਈ ਦੇ ਖਰਚੇ)

# ਸੀ. ਫੰਡਾਂ ਨੂੰ ਇਨਵੈਸਟ ਕਰਨਾ

## ਟਰੱਸਟੀ ਵਜੋਂ ਪੀ ਜੀ ਟੀ ਇਨਵੈਸਟਮੈਂਟ ਦੇ ਕਿਸ ਕਿਸਮ ਦੇ ਫੈਸਲੇ ਕਰਦਾ ਹੈ?

ਪੀ ਜੀ ਟੀ, ਪੀ ਜੀ ਟੀ ਨੂੰ ਦਿੱਤੇ ਗਏ ਫੰਡਾਂ ਦੇ ਪ੍ਰਬੰਧ ਲਈ ਜ਼ਿੰਮੇਵਾਰੀ ਚੁੱਕਦਾ ਹੈ। ਟਰੱਸਟੀ ਵਜੋਂ, ਪੀ ਜੀ ਟੀ ਲਈ ਫੰਡਾਂ ਨੂੰ ਧਿਆਨ, ਹੁਨਰ, ਉੱਦਮ ਅਤੇ ਸਿਆਣਪ ਨਾਲ ਇਨਵੈਸਟ ਕਰਨਾ ਜ਼ਰੂਰੀ ਹੈ ਜਿਸ ਤਰ੍ਹਾਂ ਇਨਵੈਸਟਮੈਂਟ ਦੇ ਫੈਸਲੇ ਕਰਨ ਵੇਲੇ ਕੋਈ ਸਿਆਣਾ ਇਨਵੈਸਟਰ ਕਰੇਗਾ।

ਫੰਡਾਂ ਲਈ ਇਨਵੈਸਟਮੈਂਟ ਮੈਨੇਜਮੈਂਟ ਦੇ ਟੀਚਿਆਂ ਦਾ ਫੈਸਲਾ ਕਰਨ ਵੇਲੇ ਜਿਹੜੇ ਕੁਝ ਪੱਖ ਧਿਆਨ ਵਿਚ ਰੱਖੇ ਜਾਂਦੇ ਹਨ, ਉਨ੍ਹਾਂ ਵਿਚ, ਬੱਚੇ ਜਾਂ ਜਵਾਨ ਦੀ ਉਮਰ, ਟਰੱਸਟ ਵਿਚ ਰੱਖੇ ਗਏ ਫੰਡਾਂ ਦੀ ਰਕਮ ਅਤੇ ਇਹ ਸੰਭਾਵਨਾ ਕਿ ਟਰੱਸਟ ਵਿੱਚੋਂ ਪੈਸੇ 19 ਸਾਲ ਦੀ ਉਮਰ ਤੋਂ ਪਹਿਲਾਂ ਲੈਣ ਦੀ ਲੋੜ ਪਵੇਗੀ, ਸ਼ਾਮਲ ਹਨ।

### *ਪੀ ਜੀ ਟੀ ਪ੍ਰੀਮੀਅਮ ਮਨੀ ਮਾਰਕੀਟ ਫੰਡ*

ਇਸ ਫੰਡ ਦਾ ਮਕਸਦ ਖਤਰਾ ਨਾ ਲੈਣ ਵਾਲੇ ਗਾਹਕਾਂ ਦੀ ਪੂੰਜੀ ਨੂੰ ਸਹੀ ਸਲਾਮਤ ਰੱਖਣਾ ਅਤੇ ਥੋੜ੍ਹੇ ਸਮੇਂ ਦੀਆਂ ਇਨਵੈਸਟਮੈਂਟਾਂ ਲਈ ਕੈਸ਼ ਅਤੇ ਆਮਦਨ ਦਾ ਸੁਧਰਿਆ ਰੇਟ ਪ੍ਰਦਾਨ ਕਰਨਾ ਹੈ। ਪੋਰਟਫੋਲੀਓ 'ਤੇ ਲਾਭ ਹਰ ਮਹੀਨੇ ਗਿਣਿਆ ਜਾਂਦਾ ਹੈ ਅਤੇ ਵਿਆਜ ਹਰ ਬੱਚੇ ਜਾਂ ਜਵਾਨ ਦੇ ਟਰੱਸਟ ਅਕਾਊਂਟ ਵਿਚ ਜਮ੍ਹਾਂ ਕਰਾਇਆ ਜਾਂਦਾ ਹੈ।

### *ਪੀ ਜੀ ਟੀ ਬੈਲੇਂਸਡ ਗਰੋਥ ਫੰਡ*

ਇਸ ਫੰਡ ਦਾ ਨਿਸ਼ਾਨ ਲੰਮੇ ਸਮੇਂ ਲਈ ਪੂੰਜੀ ਵਿਚ ਵਾਧਾ ਹੈ ਅਤੇ ਇਹ ਅਕਸਰ ਅਜਿਹੇ ਬੱਚੇ ਜਾਂ ਜਵਾਨ ਵਲੋਂ ਵਰਤਿਆ ਜਾਂਦਾ ਹੈ ਜਿਨ੍ਹਾਂ ਕੋਲ ਇਨਵੈਸਟਮੈਂਟ ਲਈ ਲੰਮੇ ਸਮੇਂ ਹਨ ਜਿਵੇਂ ਕਿ ਛੋਟੇ ਬੱਚੇ। ਪੋਰਟਫੋਲੀਓ 'ਤੇ ਆਮਦਨ ਸਲਾਨਾ ਗਿਣੀ ਜਾਂਦੀ ਹੈ ਅਤੇ ਇਹ ਨਵੇਂ ਫੰਡ ਯੂਨਿਟਾਂ ਦੇ ਰੂਪ ਵਿਚ ਬੱਚੇ ਜਾਂ ਜਵਾਨ ਦੇ ਅਕਾਊਂਟ ਵਿਚ ਜਮ੍ਹਾਂ ਕਰਾਈ ਜਾਂਦੀ ਹੈ।

ਜੇ ਕਿਸੇ ਬੱਚੇ ਜਾਂ ਜਵਾਨ ਦੇ ਟਰੱਸਟ ਵਿਚ 500,000 ਤੋਂ ਜ਼ਿਆਦਾ ਡਾਲਰ ਹਨ ਤਾਂ ਉਨ੍ਹਾਂ ਫੰਡਾਂ ਨੂੰ ਇਨਵੈਸਟਮੈਂਟ ਦੇ ਹੋਰ ਬਦਲਾਂ ਦੀ ਵਰਤੋਂ ਕਰਦੇ ਹੋਏ ਵੀ ਇਨਵੈਸਟ ਕੀਤਾ ਜਾ ਸਕਦਾ ਹੈ, ਜਿਸ ਵਿਚ ਬਰੋਕਰੇਜ ਸੇਵਾਵਾਂ ਅਤੇ ਮਰਜ਼ੀ ਨਾਲ ਮੈਨੇਜ ਕੀਤੇ ਜਾਣ ਵਾਲੇ ਅਕਾਊਂਟ ਸ਼ਾਮਲ ਹਨ।

ਪੀ ਜੀ ਟੀ ਦੀ ਮਦਦ ਕਾਨੂੰਨ ਮੁਤਾਬਕ ਬਣਾਈ ਗਈ ਇਨਵੈਸਟਮੈਂਟ ਐਡਵਾਈਜ਼ਰੀ ਕਮੇਟੀ ਵਲੋਂ ਕੀਤੀ ਜਾਂਦੀ ਹੈ, ਜਿਹੜੀ ਇਨਵੈਸਟਮੈਂਟ ਦੀ ਜੁਗਤੀ ਪਾਲਸੀ ਬਾਰੇ ਸਲਾਹ ਦਿੰਦੀ ਹੈ।

## ਮੇਰਾ ਬੱਚਾ ਕਿਸ ਕਿਸਮ ਦੇ ਮੁਨਾਫੇ ਦੀ ਉਮੀਦ ਰੱਖ ਸਕਦਾ ਹੈ?

ਵਿਆਜ ਦੇ ਰੇਟ ਸਮੇਂ ਨਾਲ ਘਟਦੇ ਵਧਦੇ ਰਹਿੰਦੇ ਹਨ ਜੋ ਕਿ ਦੁਨੀਆਂ ਦੀ ਇਕੌਨਮੀ ਅਤੇ ਫਾਇਨੈਂਸ਼ਲ ਮਾਰਕੀਟਾਂ 'ਤੇ ਨਿਰਭਰ ਕਰਦਾ ਹੈ। ਤੁਸੀਂ ਪੀ ਜੀ ਟੀ ਇਨਵੈਸਟਮੈਂਟ ਫੰਡਾਂ 'ਤੇ ਦਿੱਤੇ ਗਏ ਮੁਨਾਫੇ, ਆਮ ਮੁਕਾਬਲਿਆਂ ਦੇ ਨਾਲ ਪੀ ਜੀ ਟੀ ਸਲਾਨਾ ਰਿਪੋਰਟ ਵਿਚ ਦੇਖ ਸਕਦੇ ਹੋ।

# ਡੀ. ਟੈਕਸ ਦੀ ਜਾਣਕਾਰੀ

## ਕੀ ਮੈਨੂੰ ਆਪਣੇ ਬੱਚੇ ਲਈ ਟੈਕਸ ਰੀਟਰਨ ਭਰਨ ਦੀ ਲੋੜ ਹੈ?

ਕੈਨੇਡਾ ਰੈਵੇਨਿਊ ਏਜੰਸੀ ਪੀ ਜੀ ਟੀ ਤੋਂ ਇਹ ਮੰਗ ਕਰਦੀ ਹੈ ਕਿ:

- ਉਹ ਤੁਹਾਡੇ ਬੱਚੇ ਲਈ ਸੋਸ਼ਲ ਇਨਸ਼ੋਰੈਂਸ ਨੰਬਰ ਲਵੇ।
- ਵਿਆਜ ਦੀ ਆਮਦਨ ਦੀ ਰਿਪੋਰਟ ਕਰੇ ਜੇ ਇਹ ਟੈਕਸ ਸਾਲ ਦੌਰਾਨ 50 ਜਾਂ ਜ਼ਿਆਦਾ ਡਾਲਰ ਹੈ।

ਤੁਹਾਨੂੰ ਇਨਕਮ ਟੈਕਸ ਰੀਟਰਨ ਭਰਨ ਦੀ ਸਿਰਫ ਤਾਂ ਹੀ ਲੋੜ ਪਵੇਗੀ ਜੇ ਕੈਨੇਡਾ ਰੈਵੇਨਿਊ ਏਜੰਸੀ ਮੰਗ ਕਰਦੀ ਹੈ। ਆਪਣੇ ਬੱਚੇ ਦੇ ਫੰਡਾਂ ਦੇ ਟੈਕਸਾਂ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਤੁਹਾਨੂੰ ਪੇਸ਼ਾਵਰ ਟੈਕਸ ਸਲਾਹ ਲੈਣੀ ਚਾਹੀਦੀ ਹੈ।

**ਛੋਟ:** ਨਿੱਜੀ ਸੱਟਾਂ ਦੀਆਂ ਸੈਟਲਮੈਂਟਾਂ 'ਤੇ ਵਿਆਜ ਦੀ ਆਮਦਨ ਨੂੰ ਉਦੋਂ ਤੱਕ ਇਨਕਮ ਟੈਕਸ ਤੋਂ ਛੋਟ ਹੈ ਜਿਸ ਸਾਲ ਤੱਕ ਬੱਚਾ ਜਾਂ ਜਵਾਨ 21 ਸਾਲ ਦਾ ਨਹੀਂ ਹੋ ਜਾਂਦਾ। ਕਮਾਇਆ ਗਿਆ ਵਿਆਜ ਕਿਉਂਕਿ ਟੈਕਸ ਵਿਚ ਭਰਨ ਯੋਗ ਨਹੀਂ ਹੈ, ਇਨ੍ਹਾਂ ਖਾਸ ਟਰੱਸਟ ਅਕਾਊਂਟਾਂ 'ਤੇ ਪੀ ਜੀ ਟੀ ਟੈਕਸ ਸਲਿੱਪਾਂ ਨਹੀਂ ਭੇਜੇਗੀ।

ਟੈਕਸ ਭਰਨ ਦੀਆਂ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕੈਨੇਡਾ ਰੈਵੇਨਿਊ ਏਜੰਸੀ ਨਾਲ ਇਨ੍ਹਾਂ ਦੇ ਟੋਲ ਫ੍ਰੀ ਨੰਬਰ 1.800.959.8281 'ਤੇ ਸੰਪਰਕ ਕਰੋ ਜਾਂ www.cra-arc.gc.ca 'ਤੇ ਇਨ੍ਹਾਂ ਦਾ ਵੈੱਬਸਾਈਟ ਦੇਖੋ।

# ਈ. ਟਰੱਸਟ ਦੀ ਅੰਤਿਮ ਵੰਡ ਲਈ ਪਲੈਨਿੰਗ

## ਮੇਰੇ ਬੱਚੇ ਦੇ 19 ਸਾਲ ਦਾ ਹੋ ਜਾਣ 'ਤੇ ਕੀ ਹੁੰਦਾ ਹੈ?

19 ਸਾਲ ਦੀ ਉਮਰ 'ਤੇ ਤੁਹਾਡਾ ਬੱਚਾ ਕਾਨੂੰਨੀ ਤੌਰ 'ਤੇ ਬਾਲਗ ਹੁੰਦਾ ਹੈ ਅਤੇ ਉਹ ਆਪਣੇ ਟਰੱਸਟ ਫੰਡ ਦੇ ਬਾਕੀ ਬੱਚਦੇ ਪੈਸੇ ਲੈਣ ਦਾ ਹੱਕਦਾਰ ਹੁੰਦਾ ਹੈ, ਜੇ ਕੋਈ ਖਾਸ ਹਾਲਾਤ ਲਾਗੂ ਨਹੀਂ ਹੁੰਦੇ, ਜਿਵੇਂ ਕਿ

- ਫੰਡਾਂ ਦੇ ਸ੍ਰੋਤ (ਜਿਵੇਂ ਵਸੀਅਤ ਜਾਂ ਅਦਾਲਤ ਦੇ ਪੇਪਰ) ਇਹ ਦੱਸਦੇ ਹਨ ਕਿ ਫੰਡ 19 ਸਾਲ ਦੀ ਉਮਰ ਤੋਂ ਬਾਅਦ ਜਾਰੀ ਕੀਤੇ ਜਾਣੇ ਹਨ;
- ਜਵਾਨ ਵਿਅਕਤੀ ਕੋਲ ਮਦਦ ਤੋਂ ਬਿਨਾਂ ਬਾਲਗ ਵਜੋਂ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦੀ ਕਾਨੂੰਨੀ ਸਮਰੱਥਾ ਨਹੀਂ ਹੈ ਅਤੇ ਕਾਨੂੰਨੀ ਨੁਮਾਇੰਦਾ ਅਜੇ ਨਿਯੁਕਤ ਨਹੀਂ ਕੀਤਾ ਗਿਆ।

## ਮੈਂ 19 ਸਾਲ ਦੀ ਉਮਰ 'ਤੇ ਆਪਣੇ ਪੈਸੇ ਸਾਂਭਣ ਲਈ ਤਿਆਰ ਹੋਣ ਵਿਚ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦਾ/ਸਕਦੀ ਹਾਂ?

ਅਸੀਂ ਤੁਹਾਡੇ ਬੱਚੇ ਨੂੰ 17 ਸਾਲ ਦੀ ਉਮਰ 'ਤੇ ਇਕ ਚਿੱਠੀ ਭੇਜਾਂਗੇ ਜੋ ਕਿ ਟਰੱਸਟ ਫੰਡ ਬਾਰੇ ਦੱਸੇਗੀ ਅਤੇ ਇਸ ਚੀਜ਼ ਬਾਰੇ ਖਿਆਲ ਦੇਵੇਗੀ ਕਿ ਤੁਸੀਂ ਅਤੇ ਤੁਹਾਡਾ ਬੱਚਾ ਕਿਵੇਂ ਤੁਹਾਡੇ ਬੱਚੇ ਨੂੰ 19 ਸਾਲ ਦੀ ਉਮਰ 'ਤੇ ਫੰਡ ਮਿਲਣ ਬਾਰੇ ਪਲੈਨ ਕਰ ਸਕਦੇ ਹੋ।

ਅਸੀਂ ਸੁਝਾਅ ਦਿੰਦੇ ਹਾਂ ਕਿ ਤੁਹਾਡਾ ਬੱਚਾ ਆਪਣੇ ਟੀਚੇ ਪੂਰੇ ਕਰਨ ਲਈ ਟੀਚੇ ਤਹਿ ਕਰਨ ਅਤੇ ਵਿੱਤੀ ਪਲੈਨਿੰਗ ਕਰਨ ਬਾਰੇ ਵਿਚਾਰ ਕਰੇ। ਤੁਹਾਡਾ ਬੱਚਾ ਬੈਂਕਾਂ, ਕਰੈਡਿਟ ਯੂਨੀਅਨਾਂ ਅਤੇ ਹੋਰ ਸੰਸਥਾਵਾਂ ਤੋਂ ਉਪਲਬਧ ਵਿੱਤੀ ਵਸੀਲਿਆਂ ਤੱਕ ਵੀ ਪਹੁੰਚ ਕਰ ਸਕਦਾ ਹੈ ਅਤੇ ਵਿੱਤੀ ਪਲੈਨਿੰਗ ਦੇ ਕਈ ਤਰ੍ਹਾਂ ਦੇ ਵੈੱਬਸਾਈਟ ਅਤੇ ਔਨਲਾਈਨ ਸਾਧਨ ਵੀ ਹਨ, ਜਿਸ ਵਿਚ ਪੀ ਜੀ ਟੀ ਦੀ *ਡਾਲਰਜ਼ ਐਂਡ ਸੈਂਸ ਹੈਂਡਬੁੱਕ* ਵੀ ਸ਼ਾਮਲ ਹੈ।

## ਆਪਣੇ ਬੱਚੇ ਦੀ ਬਾਲਗ ਵਜੋਂ ਆਪਣੇ ਪੈਸੇ ਸਾਂਭਣ ਦੀ ਸਮਰੱਥਾ ਬਾਰੇ ਫਿਕਰਮੰਦ ਹੋ?

ਤੁਸੀਂ ਬਦਲਵੇਂ ਫੈਸਲੇ ਕਰਨ ਦੀਆਂ ਚੋਣਾਂ 'ਤੇ ਵਿਚਾਰ ਕਰਨਾ ਚਾਹੁੰਦੇ ਹੋ ਸਕਦੇ ਹੋ ਜੇ ਤੁਹਾਨੂੰ ਇਹ ਫਿਕਰ ਹੈ ਕਿ ਹੋ ਸਕਦਾ ਤੁਹਾਡੇ ਬੱਚੇ ਕੋਲ ਬਾਲਗ ਵਜੋਂ ਆਪਣੇ ਫੰਡ ਸਾਂਭਣ ਦੀ ਦਿਮਾਗੀ ਸਮਰੱਥਾ ਨਾ ਹੋਵੇ। ਤੁਹਾਡੇ ਬੱਚੇ ਦੇ ਵਿੱਤੀ ਭਵਿੱਖ ਵਿਚ ਮਦਦ ਕਰਨ ਅਤੇ ਇਸ ਦੀ ਰੱਖਿਆ ਕਰਨ ਲਈ ਕੋਈ ਪਲੈਨ ਬਣਾਉਣ ਵਿਚ ਤੁਹਾਡੀ ਮਦਦ ਕਰਨ ਲਈ ਜੀ ਟੀ ਓ ਤੁਹਾਡੇ ਨਾਲ ਕੰਮ ਕਰ ਸਕਦਾ ਹੈ।

ਬਾਲਗ ਵਜੋਂ ਤੁਹਾਡੇ ਬੱਚੇ ਦੀ ਮਦਦ ਕਰਨ ਦੀਆਂ ਸੰਭਵ ਚੋਣਾਂ ਵਿਚ ਨੁਮਾਇੰਦਗੀ ਦੇ ਐਗਰੀਮੈਂਟ, ਪੌਵਰਜ਼ ਔਫ ਅਟਾਰਨੀ (ਮੁਖਤਾਰਨਾਮੇ), ਜਾਂ ਕਮੇਟੀਸ਼ਿਪ ਦੇ ਆਰਡਰ ਸ਼ਾਮਲ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ।

ਇਸ ਮਾਮਲੇ ਵਿਚ www.trustee.bc.ca 'ਤੇ ਪੀ ਜੀ ਟੀ ਦਾ ਵੈੱਬਸਾਈਟ ਤੁਹਾਡੀ ਮਦਦ ਲਈ ਹੋਰ ਜਾਣਕਾਰੀ ਦਿੰਦਾ ਹੈ।

# ਐੱਫ. ਪੀ ਜੀ ਟੀ ਦੀਆਂ ਫੀਸਾਂ

## ਕੀ ਪੀ ਜੀ ਟੀ ਆਪਣੇ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਲਈ ਫੀਸਾਂ ਚਾਰਜ ਕਰਦਾ ਹੈ?

*ਪਬਲਿਕ ਗਾਰਡੀਅਨ ਐਂਡ ਟਰੱਸਟੀ ਫੀਜ਼ ਰੈਗੂਲੇਸ਼ਨ* ਅਧੀਨ, ਕਿਸੇ ਬੱਚੇ ਜਾਂ ਜਵਾਨ ਦੀ ਤਰਫੋਂ ਟਰੱਸਟਾਂ ਦੇ ਪ੍ਰਬੰਧ ਲਈ ਪੀ ਜੀ ਟੀ ਨੂੰ ਵੱਖ ਵੱਖ ਫੀਸਾਂ ਅਤੇ ਕਮਿਸ਼ਨ ਚਾਰਜ ਕਰਨ ਦੀ ਲੋੜ ਹੈ।

ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਲਈ ਜਿਹੜੀਆਂ ਫੀਸਾਂ ਅਤੇ ਕਮਿਸ਼ਨ ਆਮ ਚਾਰਜ ਕੀਤੇ ਜਾਂਦੇ ਹਨ ਉਨ੍ਹਾਂ ਵਿਚ ਅੱਗੇ ਲਿਖੇ ਸ਼ਾਮਲ ਹਨ:

***ਕੈਪੀਟਲ ਕਮਿਸ਼ਨ***
ਇਹ ਇਕ ਵਾਰੀ ਲਈ ਜਾਣ ਵਾਲੀ ਫੀਸ ਹੈ ਜਿਹੜੀ ਕਿਸੇ ਬੱਚੇ ਜਾਂ ਜਵਾਨ ਦੀ ਤਰਫੋਂ ਪੀ ਜੀ ਟੀ ਨੂੰ ਮਿਲੇ ਪੈਸਿਆਂ ਜਾਂ ਸੰਪਤੀ ਮਿਲਣ 'ਤੇ ਚਾਰਜ ਕੀਤੀ ਜਾਂਦੀ ਹੈ। ਇਹ ਫੀਸ, ਟਰੱਸਟ ਦੀ ਤਰਫੋਂ ਕੀਤੇ ਜਾਣ ਵਾਲੇ ਸਾਰੇ ਫੈਸਲਿਆਂ ਅਤੇ ਪ੍ਰਦਾਨ ਕੀਤੀਆਂ ਸੇਵਾਵਾਂ ਦੇ ਖਤਰੇ ਲੈਣ ਲਈ ਪੀ ਜੀ ਟੀ ਨੂੰ ਮੁਆਵਜ਼ਾ ਦਿੰਦੀ ਹੈ, ਜਿਸ ਵਿਚ ਬੱਚੇ ਜਾਂ ਜਵਾਨ ਦੀਆਂ ਫੌਰੀ ਅਤੇ ਭਵਿੱਖ ਦੀ ਵਿੱਤੀ ਲੋੜਾਂ ਨੂੰ ਸਮਝਣ ਲਈ ਅਤੇ ਉਸ ਦੀਆਂ ਲੋੜਾਂ ਨੂੰ ਆਧਾਰ ਬਣਾ ਕੇ ਇਨਵੈਸਟਮੈਂਟ ਅਤੇ ਖਰਚ ਦੇ ਫੈਸਲੇ ਕਰਨ ਲਈ ਮਾਪਿਆਂ ਜਾਂ ਗਾਰਡੀਅਨਾਂ ਅਤੇ ਹੋਰ ਧਿਰਾਂ ਨਾਲ ਕੰਮ ਕਰਨਾ ਵੀ ਸ਼ਾਮਲ ਹੈ।

***ਆਮਦਨ 'ਤੇ ਕਮਿਸ਼ਨ***
ਆਮਦਨ 'ਤੇ ਕਮਿਸ਼ਨ ਪ੍ਰਾਪਤ ਹੋਈ ਸਾਰੀ ਆਮਦਨ ਅਤੇ ਬੱਚੇ ਦੇ ਟਰੱਸਟ ਅਕਾਊਂਟ ਵਿਚ ਜਮ੍ਹਾਂ ਕਰਾਏ ਗਏ ਵਿਆਜ 'ਤੇ ਲਿਆ ਜਾਂਦਾ ਹੈ। ਇਹ ਕਮਿਸ਼ਨ ਪੀ ਜੀ ਟੀ ਨੂੰ ਉਨ੍ਹਾਂ ਸਾਰੀਆਂ ਸਰਗਰਮੀਆਂ ਜਾਂ ਸੇਵਾਵਾਂ ਲਈ ਮੁਆਵਜ਼ਾ ਦਿੰਦਾ ਹੈ ਜਿਹੜੀਆਂ ਆਮਦਨ ਇਕੱਠੀ ਕਰਨ, ਬਿੱਲ ਦੇਣ ਆਦਿ ਨਾਲ ਸੰਬੰਧਿਤ ਹੁੰਦੀਆਂ ਹਨ। ਸਾਰੇ ਕੇਸਾਂ ਵਿਚ, ਪੀ ਜੀ ਟੀ ਕਲਾਇੰਟਾਂ ਨੂੰ ਮਹੀਨਾਵਾਰ ਵਿਆਜ ਦੀ ਆਮਦਨ ਦਿੰਦਾ ਹੈ ਜੋ ਕਿ ਉਨ੍ਹਾਂ ਦੇ ਟਰੱਸਟ ਅਕਾਊਂਟਾਂ ਵਿਚ ਜਮ੍ਹਾਂ ਕਰਾਇਆ ਜਾਂਦਾ ਹੈ।

***ਸੰਪਤੀ ਦੇ ਪ੍ਰਬੰਧ ਦੀ ਫੀਸ***

ਸੰਪਤੀ ਦੇ ਪ੍ਰਬੰਧ ਦੀ ਫੀਸ, ਬੱਚੇ ਜਾਂ ਜਵਾਨ ਦੀ ਤਰਫੋਂ ਸੰਭਾਲੀ ਗਈ ਸਾਰੀ ਸੰਪਤੀ ’ਤੇ ਚਾਰਜ ਕੀਤੀ ਜਾਂਦੀ ਹੈ। ਇਸ ਵਿਚ ਟਰੱਸਟ ਦੇ ਪੈਸੇ ਜਾਂ ਅਸਲ ਪ੍ਰਾਪਰਟੀ ਸ਼ਾਮਲ ਹੈ ਜਿਹੜੀ ਬੱਚੇ ਦੀ ਹੋ ਸਕਦੀ ਹੈ। ਇਹ ਫੀਸ ਪੀ ਜੀ ਟੀ ਨੂੰ ਬੱਚੇ ਦੀ ਸੰਪਤੀ ਨੂੰ ਸਾਂਭਣ ਦੇ ਖਤਰੇ ਲੈਣ ਅਤੇ ਪੇਸ਼ਾਵਰਾਂ ਵਲੋਂ ਦਿੱਤੀਆਂ ਜਾ ਰਹੀਆਂ ਇਨਵੈਸਟਮੈਂਟ ਦੀਆਂ ਸੇਵਾਵਾਂ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਰੱਖਣ ਲਈ ਮੁਆਵਜ਼ਾ ਦਿੰਦੀ ਹੈ।

ਪੀ ਜੀ ਟੀ ਨੂੰ ਫੀਸਾਂ ਅਤੇ ਕਮਿਸ਼ਨ ’ਤੇ ਲਾਗੂ ਹੋਣ ਵਾਲੇ ਟੈਕਸ ਵੀ ਚਾਰਜ ਕਰਨੇ ਪੈਂਦੇ ਹਨ।

ਫੀਸਾਂ ਅਤੇ ਕਮਿਸ਼ਨਾਂ ਦਾ ਵਿਸਥਾਰ ਵਿਚ ਵੇਰਵਾ www.trustee.bc.ca/fees `ਤੇ ਦੇਖਿਆ ਜਾ ਸਕਦਾ ਹੈ।

# ਜੀ. ਫੈਸਲਿਆਂ ਅਤੇ ਸ਼ਿਕਾਇਤਾਂ ਦਾ ਰਿਵੀਊ

## ਸ਼ਿਕਾਇਤਾਂ

ਜੇ ਤੁਹਾਨੂੰ ਕਿਸੇ ਵੀ ਵੇਲੇ ਮਿਲ ਰਹੀ ਸਰਵਿਸ ਦੇ ਪੱਧਰ ਬਾਰੇ ਫਿਕਰ ਹੋਵੇ ਤਾਂ ਕਿਰਪਾ ਕਰਕੇ 604.775.3480 ਨੂੰ ਫੋਨ ਕਰੋ ਅਤੇ ਚਾਇਲਡ ਐਂਡ ਯੂਥ ਸਰਵਿਸਿਜ਼ ਦੇ ਕਿਸੇ ਮੈਨੇਜਰ ਜਾਂ ਡਾਇਰੈਕਟਰ ਨਾਲ ਗੱਲ ਕਰਨ ਲਈ ਕਹੋ। ਜਾਂ, ਬਦਲਵੇਂ ਰੂਪ ਵਿਚ ਤੁਸੀਂ cys@trustee.bc.ca ਨੂੰ ਈਮੇਲ ਕਰ ਸਕਦੇ ਹੋ ਅਤੇ ਇਹ ਮੰਗ ਕਰ ਸਕਦੇ ਹੋ ਕਿ ਤੁਹਾਡੀ ਈਮੇਲ ਕਿਸੇ ਮੈਨੇਜਰ ਜਾਂ ਡਾਇਰੈਕਟਰ ਨੂੰ ਭੇਜੀ ਜਾਵੇ।

## ਫੈਸਲੇ

ਜੇ ਤੁਸੀਂ ਕੀਤੇ ਗਏ ਕਿਸੇ ਫੈਸਲੇ ਤੋਂ ਅਸੰਤੁਸ਼ਟ ਹੋਵੋ ਤਾਂ ਤੁਸੀਂ ਇਹ ਬੇਨਤੀ ਕਰ ਸਕਦੇ ਹੋ ਕਿ ਫੈਸਲੇ ’ਤੇ ਮੁੜ ਵਿਚਾਰ ਕੀਤਾ ਜਾਵੇ। ਪਹਿਲਾ ਕਦਮ ਮੈਨੇਜਰ ਨਾਲ ਗੱਲ ਕਰਨਾ ਹੈ ਅਤੇ ਫਿਰ ਡਾਇਰੈਕਟਰ ਨਾਲ। ਪੀ ਜੀ ਟੀ ਦੇ ਰਸਮੀ ਰਿਵੀਊ ਦੇ ਕਾਰਜ ਨਾਲ ਸੰਬੰਧਿਤ ਸਾਰੇ ਵੇਰਵੇ www.trustee.bc.ca/Pages/feedback.aspx ’ਤੇ ਦੇਖੇ ਜਾ ਸਕਦੇ ਹਨ।

ਪੀ ਜੀ ਟੀ ਦੇ ਰਿਵੀਊ ਕਾਰਜ ਦੇ ਖਤਮ ਹੋਣ ਤੋਂ ਬਾਅਦ ਵੀ ਜੇ ਤੁਸੀਂ ਅਸੰਤੁਸ਼ਟ ਰਹੋ ਤਾਂ ਤੁਸੀਂ ਆਪਣੇ ਫਿਕਰ ਓਮਬਡਜ਼ਪਰਸਨ ਦੇ ਧਿਆਨ ਵਿਚ ਲਿਆ ਸਕਦੇ ਹੋ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

ਚਾਇਲਡ ਐਂਡ ਯੂਥ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
700-808 West Hastings Street,
Vancouver, BC V6C 3L3
ਟੈਲੀਫੋਨ: 604.775.3480
ਈਮੇਲ: cys@trustee.bc.ca

www.trustee.bc.ca
ਈਮੇਲ: webmail@trustee.bc.ca

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ। (ਦਫਤਰ ਖੁੱਲ੍ਹਣ ਦਾ ਆਮ ਸਮਾਂ, ਸੋਮਵਾਰ ਤੋਂ ਸ਼ੁਕਰਵਾਰ ਤੱਕ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ)

| | |
|---|---|
| ਵੈਨਕੂਵਰ | 604.660.2421 |
| ਵਿਕਟੋਰੀਆ | 250.387.6121 |
| ਹੋਰ ਕਿਤਿਉਂ | 800.663.7867 |

July 2014

14-7#65
[Punjabi]